# ਪਬਲਿਕ ਨੋਟਿਸ

ਨੰਬਰ (ਈ-539042/2023)/(ਪੀ-3) ਮਿਤੀ 16.08.2024

ਸਾਲ 2015 ਅਤੇ ਇਸ ਤੋਂ ਬਾਅਦ ਵਿੱਚ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੀਆਂ ਕੀਤੀਆਂ ਗਈਆਂ ਪਦ-ਉੱਨਤੀਆਂ ਦੇ ਰੀਵਿਊ ਸਬੰਧੀ।

1. ਪ੍ਰਾਇਮਰੀ ਕਾਡਰ ਦੇ ਕਰਮਚਾਰੀਆਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਵੱਖ-2 ਰਿੱਟ ਪਟੀਸ਼ਨਾਂ ਰਾਹੀਂ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਦੇ ਵੱਖ-2 ਵਿਸ਼ਿਆਂ ਵਿੱਚ ਕੀਤੀਆਂ ਗਈਆਂ ਪਦ-ਉੱਨਤੀਆਂ ਨੂੰ ਚੈਲੈਂਜ ਕਰਦਿਆਂ, ਉਨ੍ਹਾਂ ਦੇ ਜੂਨੀਅਰ ਕਰਮਚਾਰੀ ਦੀ ਪਦ-ਉੱਨਤੀ ਦੀ ਮਿਤੀ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਦੀ ਮੰਗ ਕੀਤੀ ਹੈ।
2. ਸਮੂਹ ਕੋਰਟ ਕੇਸਾਂ ਨੂੰ ਘੋਖਣ ਤੇ ਇਹ ਸਾਹਮਣੇ ਆਇਆ ਹੈ ਕਿ ਪ੍ਰਾਇਮਰੀ ਕਾਡਰ ਦੀਆਂ ਵੱਖ-2 ਸਮਿਆਂ ਦੌਰਾਨ ਕੀਤੀਆਂ ਗਈਆਂ ਭਰਤੀਆਂ, ਜਿ ਕਿ ਇੱਕ ਵਿਗਿਆਪਨ ਅਧੀਨ ਕੀਤੀਆਂ ਗਈਆਂ ਸਨ, ਪ੍ਰੰਤੂ ਸਬੰਧਤ ਜਿਲਾ ਸਿੱਖਿਆ ਅਫ਼ਸਰ (ਐਸਿ) ਵੱਲੋਂ ਨਿਯੁਕਤੀ ਪੱਤਰ ਵੱਖ-2 ਮਿਤੀਆਂ ਨੂੰ ਜਾਰੀ ਕੀਤੇ ਗਏ।
   - (i) ਜਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਵੱਖ-2 ਸਮੇਂ ਦੌਰਾਨ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਕਾਰਨ, ਕਈ ਵੱਧ ਮੈਰਿਟ ਵਾਲੇ ਕਰਮਚਾਰੀ ਘੱਟ ਮੈਰਿਟ ਵਾਲੇ ਕਰਮਚਾਰੀਆਂ ਤੋਂ ਬਾਅਦ ਵਿੱਚ ਹਾਜਰ ਹੋਏ ਸਨ।
   - (ii) ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਵਿਚਾਰਨ ਸਮੇਂ ਸਟੇਟ ਪੱਧਰ ਤੇ ਤਿਆਰ ਕੀਤੀ ਗਈ ਇੰਟਰਸੇ ਸੀਨੀਆਰਤਾ ਸੂਚੀ ਕਰਮਚਾਰੀਆਂ ਦੀ ਹਾਜਰੀ ਦੀ ਮਿਤੀ ਦੇ ਆਧਾਰ ਤੇ ਤਿਆਰ ਕੀਤੀ ਗਈ, ਜਿਸ ਕਾਰਨ ਵੱਧ ਮੈਰਿਟ ਵਾਲੇ ਕਰਮਚਾਰੀ ਘੱਟ ਮੈਰਿਟ ਵਾਲੇ ਕਰਮਚਾਰੀਆਂ ਤੋਂ ਜੂਨੀਅਰ ਹੋ ਗਏ।
3. ਇਸ ਤੋਂ ਇਲਾਵਾ ਜਿਲਾ ਪ੍ਰੀਸ਼ਦ ਵੱਲੋਂ ਸਾਲ 2006 ਕੀਤੀਆਂ ਗਈਆਂ ਈ.ਟੀ.ਟੀ. ਕਾਡਰ ਦੀਆਂ ਨਿਯੁਕਤੀਆਂ ਸਬੰਧੀ-
   - (i) ਉਕਤ ਭਰਤੀਆਂ ਅਧੀਨ ਜਿਲ੍ਹਾ ਪ੍ਰੀਸ਼ਦ ਦੇ ਸਕੂਲਾਂ ਵਿੱਚ ਤੈਨਾਤ ਕਰਮਚਾਰੀਆਂ ਨੂੰ ਵਿਭਾਗ ਦੇ ਨੋਟੀਫਿਕੇਸ਼ਨ ਨੰਬਰ 10/59/07-3 ਸਿੰ 7 /585-88 ਮਿਤੀ 15.02.2011 ਦੇ ਅੰਤਰਗਤ ਸਾਲ 2011 ਵਿੱਚ ਕੁਝ ਦਿਨਾਂ ਲਈ ਹਾਜਰ ਕਰਵਾਇਆ ਗਿਆ, ਪ੍ਰੰਤੂ ਮੁੜ ਵਾਪਿਸ ਜਿਲਾ ਪ੍ਰੀਸ਼ਦ ਦੇ ਸਕੂਲਾਂ ਵਿੱਚ ਭੇਜ ਦਿੱਤਾ ਗਿਆ।
   - (ii) ਵਿਭਾਗ ਵੱਲੋਂ ਮੁੜ ਨੋਟੀਫਿਕੇਸ਼ਨ ਨੰਬਰ 02/305/14/ਈ.ਟੀ.ਟੀ.-5/9460 ਮਿਤੀ 19.09.2014 .ਜਾਰੀ ਕੀਤਾ ਗਿਆ, ਜਿਸ ਦੇ ਅੰਤਰਗਤ ਜਿਲਾ ਪ੍ਰੀਸ਼ਦ ਦੇ ਸਕੂਲਾਂ ਵਿੱਚ ਕੰਮ ਕਰਦੇ ਸਮੂਹ ਕਰਮਚਾਰੀਆਂ ਨੂੰ ਪੱਕੇ ਤੌਰ ਤੇ ਵਿਭਾਗ ਵਿੱਚ ਮਰਜ ਕਰ ਦਿੱਤਾ ਗਿਆ।
   - (iii) ਵਿਭਾਗ ਵੱਲੋਂ ਇੰਨਾਂ ਕਰਮਚਾਰੀਆਂ ਦੀ ਸੀਨੀਆਰਤਾ ਉਨਾਂ ਦੀ ਸਿੱਖਿਆ ਵਿਭਾਗ ਵਿੱਚ ਹਾਜਰੀ ਦੀ ਮਿਤੀ ਤੋਂ ਫਿਕਸ ਕੀਤੀ ਗਈ ਅਤੇ ਮਿਤੀ 13.07.2018 ਨੂੰ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਕਰਨ ਸਮੇਂ ਵੀ ਇੰਨਾਂ ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਕਰਮਚਾਰੀਆਂ ਦੀ ਮੈਰਿਟ ਦੇ ਆਧਾਰ ਤੇ ਨਾ ਤਿਆਰ ਕਰਦਿਆਂ ਉਨਾਂ ਦੀ ਹਾਜਰੀ ਦੀ ਮਿਤੀ ਅਨੁਸਾਰ ਬਣਾਈ ਗਈ।
   - (iv) ਇਸ ਉਪਰੰਤ ਐਲੀਮੈਂਟਰੀ ਡਾਇਰੈਕਟੋਰੇਟ ਵੱਲੋਂ ਮਿਤੀ 15.01.2019 ਨੂੰ ਪੱਤਰ ਜਾਰੀ ਕੀਤਾ ਗਿਆ, ਜਿਸ ਦੇ ਅਨੁਸਾਰ ਸਾਲ 2011 ਵਿੱਚ ਕੁਝ ਦਿਨਾਂ ਲਈ ਹਾਜਰ ਕਰਮਚਾਰੀਆਂ ਨੂੰ, ਉਨਾਂ ਦੀ ਸਾਲ 2011 ਵਿੱਚ ਹਾਜਰੀ ਦੀ ਮਿਤੀ ਤੋਂ ਸੀਨੀਆਰਤਾ ਦਿੱਤੀ ਗਈ ਅਤੇ ਕਿਉਂਜੋ ਇਸ ਪੱਤਰ ਦੇ ਜਾਰੀ ਹੋਣ ਤੋਂ ਪਹਿਲਾਂ ਮਿਤੀ 13.07.2018 ਨੂੰ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਹੋ ਚੁੱਕੀਆਂ ਸਨ ਅਤੇ ਸਾਲ 2011 ਵਿੱਚ ਹਾਜਰ ਕਰਮਚਾਰੀ ਸੀਨੀਅਰ ਹੋਣ ਦੇ ਬਾਵਜੂਦ ਵੀ ਸਾਲ 2014 ਵਿੱਚ ਹਾਜਰ ਕਰਮਚਾਰੀਆਂ ਨਾਲੋਂ ਜੂਨੀਅਰ ਹੋ ਗਏ ਅਤੇ ਉਨਾਂ ਦੇ ਕੇਸ ਪਦ-ਉੱਨਤੀ ਲਈ ਨਹੀਂ ਵਿਚਾਰੇ ਗਏ।
4. ਉਕਤ ਦਰਸਾਈ ਸਥਿਤੀ ਦੇ ਸਨਮੁੱਖ ਵੱਖ-2 ਕੋਰਟ ਕੇਸਾਂ, ਜਿਵੇਂ ਕਿ, ਸਿਵਲ ਰਿੱਟ ਪਟੀਸ਼ਨ ਨੰਬਰ 17537 ਆਫ 2020 – ਪਰਵਿੰਦਰ ਸਿੰਘ ਅਤੇ ਹੋਰ ਬਨਾਮ ਸਟੇਟ ਅਤੇ ਹੋਰ, ਸਿਵਲ ਰਿੱਟ ਪਟੀਸ਼ਨ ਨੰਬਰ 29565 ਆਫ 2022- ਸੁਖਵਿੰਦਰ ਸਿੰਘ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ, ਸੀ.ਓ.ਸੀ.ਪੀ. ਨੰਬਰ 1127 ਆਫ 2023 ਇੰਨ ਸਿਵਲ ਰਿੱਟ ਪਟੀਸ਼ਨ ਨੰਬਰ 13313 ਆਫ 2022 ਭੁਪਿੰਦਰ ਸਿੰਘ ਬਨਾਮ ਸਟੇਟ ਅਤੇ ਹੋਰ, ਸਿਵਲ ਰਿੱਟ ਪਟੀਸ਼ਨ ਨੰਬਰ 9272 ਆਫ 2022- ਜਗਪਾਲ ਸਿੰਘ ਅਤੇ ਹੋਰ ਬਨਾਮ ਸਟੇਟ ਅਤੇ ਹੋਰ, ਸਿਵਲ ਰਿੱਟ ਪਟੀਸ਼ਨ ਨੰਬਰ 2823 ਆਫ 2024 – ਪਰਮਜੀਤ ਕੌਰ ਅਤੇ ਇੱਕ ਹੋਰ ਬਨਾਮ ਸਟੇਟ ਅਤੇ ਹੋਰ, ਸਿਵਲ ਰਿੱਟ ਪਟੀਸ਼ਨ ਨੰਬਰ 2230 ਆਫ 2024 ਕ੍ਰਿਸ਼ਨ ਸਿੰਘ ਬਨਾਮ ਸਟੇਟ ਅਤੇ ਹੋਰ ਵਿੱਚ ਪਟੀਸ਼ਨਰਾਂ ਦੀ ਮੰਗ ਅਤੇ ਮਾਨਯੋਗ ਹਾਈ ਕੋਰਟ ਵੱਲੋਂ ਦਿੱਤੇ ਗਏ

ਫੈਸਲਿਆਂ / ਜਾਰੀ ਹੁਕਮਾਂ ਦੇ ਸਨਮੁੱਖ ਵਿਭਾਗ ਵੱਲੋਂ ਸਾਲ 2015 ਅਤੇ ਇਸ ਤੋਂ ਬਾਅਦ ਵਿੱਚ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਕੀਤੀਆਂ ਗਈਆਂ ਪਦ-ਉੱਨਤੀਆਂ ਰੀਵਿਊ ਕਰਨ ਦਾ ਫੈਸਲਾ ਲਿਆ ਗਿਆ ਹੈ।

5. ਇਸ ਲਈ ਐਲੀਮੈਂਟਰੀ ਡਾਇਰੈਕਟੋਰੇਟ ਤੋਂ ਪ੍ਰਾਇਮਰੀ ਕਾਡਰ ਦੀਆਂ ਭਰਤੀਆਂ ਦਾ ਜਿਲ੍ਹਾਵਾਰ ਰਜਿਸਟਰ ਪ੍ਰਾਪਤ ਹੋਇਆ ਹੈ। ਇਹ ਰਜਿਸਟਰ ਮੂਲ ਰੂਪ ਵਿੱਚ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਦਿਆਂ ਪ੍ਰਾਇਮਰੀ ਕਾਡਰ ਦੇ ਹਰੇਕ ਕੰਮ ਕਰਦੇ, ਸੇਵਾ ਮੁਕਤ ਅਤੇ ਸਾਲ 2015 ਤੋਂ ਬਾਅਦ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤ ਕਰਮਚਾਰੀਆਂ ਨੂੰ ਲਿਖਿਆ ਜਾਂਦਾ ਹੈ ਕਿ , ਜੇਕਰ ਕਿਸੇ ਕਰਮਚਾਰੀ ਦੇ ਵੇਰਵੇ ਦਰਜ ਕਰਨ ਤੋਂ ਰਹਿ ਗਏ ਹੋਣ ਜਾਂ ਗਲਤ ਹੋਣ ਤਾਂ ਇਸ ਸਬੰਧੀ ਆਪਣਾ ਇਤਰਾਜ ਮਿਤੀ 27.08.2024 ਤੱਕ ਆਪਣੇ ਜਿਲ੍ਹੇ ਦੇ ਦਫ਼ਤਰ (ਜਿ.ਸਿ.ਅ. (ਐਸਿ) ਨੂੰ ਇਸ ਨੋਟਿਸ ਨਾਲ ਨੱਥੀ ਪ੍ਰਫਾਰਮੇ ਵਿੱਚ ਵੇਰਵੇ ਦਰਜ ਕਰਦਿਆਂ ਪੇਸ਼ ਕਰਨਗੇ ਅਤੇ ਸਬੰਧਤ ਜਿਲੇ ਦੇ ਦਫ਼ਤਰ ਤੋਂ ਇਹ ਇਤਰਾਜ ਮਿਤੀ 02.09.2024 ਤੱਕ ਇਸ ਦਫ਼ਤਰ ਵਿਖੇ ਭੇਜਣੇ ਯਕੀਨੀ ਬਣਾਉਣਗੇ ਤਾਂ ਜੋ ਇਤਰਾਜ ਦੂਰ ਕਰਨ ਉਪਰੰਤ ਪਦ-ਉੱਨਤੀਆਂ ਦੇ ਰੀਵਿਊ ਲਈ ਕੇਸ ਮੰਗੇ ਜਾ ਸਕਣ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)